# Minister of State for External Affairs Smt. MeenakashiLekhi's visit to Uzbekistan (September 23-26, 2021)

September 26, 2021

…………………………………………………………………..

## ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਵੱਲੋਂ ਉਜ਼ਬੇਕਿਸਤਾਨ ਦਾ ਦੌਰਾ (23-26 ਸਤੰਬਰ, 2021)

26 ਸਤੰਬਰ, 2021

1. ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਨੇ 23-26 ਸਤੰਬਰ, 2021 ਤੱਕ ਉਜ਼ਬੇਕਿਸਤਾਨ ਦਾ ਦੌਰਾ ਕੀਤਾ। ਕੁਰਸੀ ਸੰਭਾਲਣ ਤੋਂ ਬਾਅਦ ਇਹ ਕਿਸੇ ਵੀ ਮੱਧ ਏਸ਼ੀਆਈ ਦੇਸ਼ ਦੀ ਉਨ੍ਹਾਂ ਵੱਲੋਂ ਪਹਿਲੀ ਅਧਿਕਾਰਤ ਯਾਤਰਾ ਸੀ।

2. ਰਾਜ ਮੰਤਰੀ ਨੇ ਉਜ਼ਬੇਕ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਅਬਦੁਲਅਜ਼ੀਜ਼ ਕਾਮਿਲੋਵ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਦੁਵੱਲੇ, ਖੇਤਰੀ ਅਤੇ ਬਹੁਪੱਖੀ ਸਹਿਯੋਗ ਦੇ ਮਹੱਤਵਪੂਰਨ ਖੇਤਰਾਂ ਬਾਰੇ ਗੱਲ ਕੀਤੀ। ਵਿਦੇਸ਼ ਰਾਜ ਮੰਤਰੀ ਨੇ 1 ਅਰਬ ਡਾਲਰ ਦੇ ਕਰਜ਼ੇ ਦੀ ਸਹੂਲਤ ਦੇ ਤਹਿਤ ਉਜ਼ਬੇਕਿਸਤਾਨ ਵਿੱਚ ਵਿਕਾਸ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਦੋਵੇਂ ਧਿਰਾਂ ਤਜਵੀਜ਼ ਹੋਏ ਦੁਵੱਲੇ ਨਿਵੇਸ਼ ਸਮਝੌਤਾ ਕਰਨ ਲਈ ਆਪਣੀ ਚੱਲ ਰਹੀ ਗੱਲਬਾਤ ਨੂੰ ਛੇਤੀ ਤੋਂ ਛੇਤੀ ਖ਼ਤਮ ਕਰਨ 'ਤੇ ਵੀ ਸਹਿਮਤ ਹੋਈਆਂ। ਇਹ ਵਿਚਾਰ -ਵਟਾਂਦਰਾ ਅਫਗਾਨਿਸਤਾਨ ਦੇ ਉੱਭਰ ਰਹੇ ਹਾਲਾਤ 'ਤੇ ਨੇੜਿਓਂ ਅਤੇ ਬਾਕਾਇਦਾ ਸਲਾਹ -ਮਸ਼ਵਰੇ ਕੀਤੇ ਜਾਣ ਦੀ ਮਹੱਤਤਾ ਅਤੇ ਇਹ ਯਕੀਨੀ ਬਣਾਉਣ ਦੀ ਲੋੜ 'ਤੇ ਆਧਾਰਿਤ ਸੀ ਕਿ ਅਫਗਾਨਿਸਤਾਨ ਦੀ ਧਰਤੀ ਨੂੰ ਕਿਸੇ ਵੀ ਅੱਤਵਾਦੀ ਗਤੀਵਿਧੀਆਂ ਲਈ ਨਾ ਵਰਤਣ ਦਿੱਤਾ ਜਾਵੇ। ਰਾਜ ਮੰਤਰੀ ਨੇ SCO ਦੀ ਮੌਜੂਦਾ ਉਜ਼ਬੇਕ ਪ੍ਰਧਾਨਗੀ ਪ੍ਰਤੀ ਭਾਰਤ ਦੀ ਪੂਰਨ ਹਿਮਾਇਤ ਦੀ ਗੱਲ ਕੀਤੀ।

3. ਇਸ ਫੇਰੀ ਦੌਰਾਨ ਰਾਜ ਮੰਤਰੀ ਉਜ਼ਬੇਕਿਸਤਾਨ ਦੇ ਸਭਿਆਚਾਰ ਮੰਤਰੀ ਮਹਾਮਹਿਮ ਸ਼੍ਰੀ ਓਜ਼ੋਡਬੇਕ ਨਾਜ਼ਰਬੇਕੋਵ ਨੂੰ ਮਿਲੇ। ਉਨ੍ਹਾਂ ਨੇ ਭਾਰਤ ਅਤੇ ਉਜ਼ਬੇਕਿਸਤਾਨ ਵਿਚਾਲੇ ਡੂੰਘੇ ਸੱਭਿਆਚਾਰਕ ਅਤੇ ਸੱਭਿਅਕ ਸਬੰਧਾਂ ਦੇ ਪਰਿਪੇਖ ਵਿੱਚ ਸਭਿਆਚਾਰ ਦੇ ਵੱਖ -ਵੱਖ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਗੂੜ੍ਹਾ ਕਰਨ 'ਤੇ ਲਾਹੇਵੰਦ ਗੱਲਬਾਤ ਕੀਤੀ। ਇਨ੍ਹਾਂ ਵਿੱਚ ਪੁਰਾਲੇਖਾਂ, ਫਿਲਮਾਂ, ਬੋਧੀ ਸਥਾਨਾਂ ਦੀ ਸੰਭਾਲ, ਉਜ਼ਬੇਕਿਸਤਾਨ ਦੀਆਂ ਵੱਖ -ਵੱਖ ਯੂਨੀਵਰਸਿਟੀਆਂ ਵਿੱਚ 'ਇੰਡੀਆ ਸਟੱਡੀ ਰੂਮ' ਦੀ ਸਿਰਜਣਾ, ਸਾਹਿਤਕ ਰਚਨਾਵਾਂ ਦਾ ਅਨੁਵਾਦ ਆਦਿ ਦੇ ਮਾਮਲੇ 'ਚ ਸਹਿਯੋਗ ਸ਼ਾਮਲ ਹੈ। ਇਸ ਫੇਰੀ ਦੌਰਾਨ 2021-25 ਲਈ ਸੱਭਿਆਚਾਰਕ ਵਟਾਂਦਰਾ ਪ੍ਰੋਗਰਾਮ 'ਤੇ ਦਸਤਖਤ ਕੀਤੇ ਗਏ। ਭਾਰਤੀ ਫਿਲਮੀ ਹਸਤੀਆਂ ਦਾ 50 ਮੈਂਬਰੀ ਵਫਦ ਅਗਲੇ ਹਫਤੇ ਤਾਸ਼ਕੰਦ ਫਿਲਮ ਫੈਸਟੀਵਲ ਵਿੱਚ ਹਿੱਸਾ ਲਵੇਗਾ।

4. ਆਪਣੀ ਫੇਰੀ ਦੌਰਾਨ ਰਾਜ ਮੰਤਰੀ ਦੇ ਬਹੁਤ ਸਾਰੇ ਭਾਸ਼ਣ ਰੱਖੇ ਗਏ ਸਨ. ਇਨ੍ਹਾਂ ਵਿੱਚ ਤਾਸ਼ਕੰਦ ਸਟੇਟ ਯੂਨੀਵਰਸਿਟੀ ਆਫ਼ ਲਾਅ ਵਿੱਚ 'ਭਾਰਤ ਦੀਆਂ ਲੋਕਤੰਤਰੀ ਪਰੰਪਰਾਵਾਂ' ਵਿਸ਼ੇ ਭਾਸ਼ਣ ਅਤੇ "ਅਜ਼ਾਦੀ ਕਾ ਅੰਮ੍ਰਿਤ ਮਹਾਉਤਸਵ" ਦੇ ਹਿੱਸੇ ਵਜੋਂ ਬੁਖਾਰਾ ਸਟੇਟ ਯੂਨੀਵਰਸਿਟੀ ਵਿੱਚ 'ਭਾਰਤ-ਉਜ਼ਬੇਕਿਸਤਾਨ ਸਬੰਧਾਂ ਨੂੰ ਮਜ਼ਬੂਤ ਕਰਨ ਵਾਲੀ ਰਣਨੀਤਕ ਸਾਂਝੇਦਾਰੀ' ਵਿਸ਼ੇ 'ਤੇ ਭਾਸ਼ਣ ਸ਼ਾਮਲ ਸੀ। ਉਨ੍ਹਾਂ ਨੇ ਤਾਸ਼ਕੰਦ ਦੀ ਸਟੇਟ ਇੰਸਟੀਚਿਟ ਆਫ਼ ਓਰੀਐਂਟਲ ਸਟੱਡੀਜ਼ ਅਤੇ ਹੋਰ ਸੰਸਥਾਵਾਂ ਦੇ ਉੱਘੇ ਭਾਰਤ ਸਬੰਧੀ ਮਾਹਿਰਾਂ ਨਾਲ ਮੁਲਾਕਾਤ ਕੀਤੀ ਅਤੇ ਉਜ਼ਬੇਕਿਸਤਾਨ ਵਿੱਚ ਭਾਰਤ ਸਬੰਧੀ ਅਧਿਐਨ ਅਤੇ ਦਰਸ਼ਨ ਨੂੰ ਅੱਗੇ ਵਧਾਉਣ ਦੇ ਤਰੀਕਿਆਂ ਬਾਰੇ ਗੱਲਬਾਤ ਕੀਤੀ।

5. ਰਾਜ ਮੰਤਰੀ ਨੇ ਤਾਸ਼ਕੰਦ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਅਤੇ ਸਮਰਕੰਦ ਸਟੇਟ ਮੈਡੀਕਲ ਇੰਸਟੀਚਿਟ ਵਿੱਚ ਭਾਰਤੀ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਉਜ਼ਬੇਕਿਸਤਾਨ ਸਮੇਤ ਹੋਰ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਮਾਮਲੇ 'ਚ ਵਿਦੇਸ਼ਾਂ ਵਿੱਚ ਭਾਰਤੀ ਪ੍ਰਵਾਸੀਆਂ ਦੇ ਉਸਾਰੂ ਯੋਗਦਾਨ 'ਤੇ ਜ਼ੋਰ ਦਿੱਤਾ। ਭਾਰਤੀ ਭਾਈਚਾਰੇ ਨੂੰ ਆਜ਼ਾਦੀ ਕਾ ਅਮ੍ਰਿਤ ਮਹੋਤਸਵ ਦੇ ਜਸ਼ਨਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ।

6. ਇਸ ਯਾਤਰਾ ਸਦਕਾ ਉਜ਼ਬੇਕਿਸਤਾਨ ਨਾਲ ਬਾਕਾਇਦਾ ਸਿਆਸੀ ਵਟਾਂਦਰੇ ਨੂੰ ਕਾਇਮ ਰੱਖ ਅਤੇ ਸਾਡੇ ਸੱਭਿਆਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰ ਸਾਡੀ ਰਣਨੀਤਕ ਸਾਂਝੇਦਾਰੀ ਨੂੰ ਹੋਰ ਰਫਤਾਰ ਮਿਲੀ ਹੈ।

ਨਵੀਂ ਦਿੱਲੀ
26 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.